# 9th India-EU Human Rights Dialogue (April 12, 2021)

April 12, 2021

……………………………………………………………………………………………

## ਭਾਰਤ-ਯੂਰਪੀ ਸੰਘ ਦਰਮਿਆਨ 9ਵਾਂ ਮਨੁੱਖੀ ਅਧਿਕਾਰ ਸੰਵਾਦ (12 ਅਪ੍ਰੈਲ, 2021)

12 ਅਪ੍ਰੈਲ, 2021

1. ਜੁਲਾਈ, 2020 ਵਿੱਚ ਹੋਏ 15ਵੇਂ ਭਾਰਤ-ਯੂਰੋਪੀਅਨ ਸੰਘ ਸਿਖਰ ਸੰਮੇਲਨ ਦੌਰਾਨ ਲਏ ਗਏ ਫੈਸਲੇ ਮੁਤਾਬਕ ਭਾਰਤ-ਯੂਰੋਪੀਅਨ ਸੰਘ ਦਰਮਿਆਨ 9ਵਾਂ ਮਨੁੱਖੀ ਅਧਿਕਾਰ ਸੰਵਾਦ 12 ਅਪ੍ਰੈਲ, 2021 ਨੂੰ ਨਵੀਂ ਦਿੱਲੀ ਵਿੱਚ ਹੋਇਆ।

2. ਦੁਨੀਆਂ ਦੇ ਦੋ ਵੱਡੇ ਲੋਕਤੰਤਰੀ ਦੇਸ਼ ਹੋਣ ਵਜੋਂ ਭਾਰਤ ਅਤੇ ਯੂਰੋਪੀਅਨ ਸੰਘ ਨੇ ਮਨੁੱਖੀ ਅਧਿਕਾਰਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ. ਇਸ ਪ੍ਰਸੰਗ ਵਿੱਚ ਉਨ੍ਹਾਂ ਸਭਨਾਂ ਮਨੁੱਖੀ ਅਧਿਕਾਰਾਂ ਦੀ ਸਰਬਵਿਆਪਕਤਾ, ਅਨਿਖੜਵੇਂਪਨ, ਅੰਤਰ-ਨਿਰਭਰਤਾ ਅਤੇ ਉਨ੍ਹਾਂ ਦੇ ਆਪਸੀ ਜੁੜਾਅ 'ਤੇ ਜ਼ੋਰ ਦਿੱਤਾ।

3. ਇਸ ਸੰਵਾਦ ਵਿੱਚ ਹਿਸਾ ਲੈਣ ਵਾਲੇ ਭਾਗੀਦਾਰਾਂ ਨੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਖੇਤਰਾਂ ਸਣੇ ਮਨੁੱਖੀ ਅਧਿਕਾਰਾਂ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ - ਵਟਾਂਦਰੇ ਕੀਤੇ। ਉਨ੍ਹਾਂ ਨੇ ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ, ਧਰਮ ਜਾਂ ਅਕੀਦੇ ਦੀ ਆਜ਼ਾਦੀ, ਮਹਿਲਾ ਸਸ਼ਕਤੀਕਰਨ, ਬਾਲ ਅਧਿਕਾਰਾਂ, ਘੱਟ ਗਿਣਤੀਆਂ ਅਤੇ ਕਮਜ਼ੋਰ ਸਮੂਹਾਂ ਦੇ ਅਧਿਕਾਰਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਯੂਰੋਪੀਅਨ ਸੰਘ ਅਤੇ ਭਾਰਤ, ਦੋਵਾਂ ਨੇ ਹੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਮਨੁੱਖੀ ਅਧਿਕਾਰ ਕਾਨੂੰਨਾਂ ਅਤੇ ਮਾਪਦੰਡਾਂ ਦੇ ਅਧਾਰ 'ਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਮੁੱਦਿਆਂ 'ਤੇ ਵਧੇਰੇ ਗੱਲਬਾਤ ਨੂੰ ਉਤਸ਼ਾਹਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਦੋਵਾਂ ਪੱਖਾਂ ਨੇ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਤ ਕਰਨ ਲਈ ਮਨੁੱਖੀ ਅਧਿਕਾਰ ਤੰਤਰ ਨੂੰ ਮਜ਼ਬੂਤ ਕਰਨ ਅਤੇ ਇਸ ਸਬੰਧ ਵਿੱਚ ਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ, ਨਾਗਰਿਕ ਸਮਾਜ ਦੇ ਭਾਗੀਦਾਰਾਂ ਅਤੇ ਪੱਤਰਕਾਰਾਂ ਦੀ ਭੂਮਿਕਾ ਦੀ ਮਹੱਤਤਾ ਦੀ ਗੱਲ ਕਹੀ। ਯੂਰੋਪੀਅਨ ਸੰਘ ਨੇ ਬਿਨਾਂ ਕਿਸੇ ਅਪਵਾਦ ਦੇ ਸਭਨਾਂ ਮਾਮਲਿਆਂ ਵਿੱਚ ਫਾਂਸੀ ਦੀ ਸਜ਼ਾ ਪ੍ਰਤੀ ਆਪਣਾ ਵਿਰੋਧ ਵੀ ਦੁਹਰਾਇਆ।

4. ਉਨ੍ਹਾਂ ਨੇ ਅੰਤਰ-ਰਾਸ਼ਟਰੀ ਮੰਚਾਂ, ਖ਼ਾਸਕਰ ਸੰਯੁਕਤ ਰਾਸ਼ਟਰ ਮਹਾਸਭਾ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (UNHRC) ਵਿੱਖੇ ਭਾਰਤ-ਯੂਰੋਪੀਅਨ ਸੰਘ ਸਹਿਯੋਗ ਨੂੰ ਵਧਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਸਬੰਧ ਵਿਚ ਭਾਰਤੀ ਵਫਦ ਨੇ ਜੇਨੇਵਾ ਸਥਿਤ ਆਪੋ ਆਪਣੇ ਸਥਾਈ ਸੰਯੁਕਤ ਰਾਸ਼ਟਰ ਮਿਸ਼ਨਾਂ ਵਿਚਕਾਰ ਬਾਕਾਇਦਾ ਤੌਰ 'ਤੇ ਆਦਾਨ-ਪ੍ਰਦਾਨ ਅਤੇ UNHRC ਅੰਦਰ ਸਹਿਯੋਗ ਕਰਨ ਦੀ ਤਜਵੀਜ਼ ਰੱਖੀ।

5. ਭਾਰਤ ਅਤੇ ਯੂਰੋਪੀਅਨ ਸੰਘ ਨੇ ਲੋਕਤੰਤਰ, ਆਜ਼ਾਦੀ, ਕਾਨੂੰਨ ਦੇ ਸ਼ਾਸਨ ਅਤੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਕਰਨ ਦੇ ਸਾਂਝੇ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ. ਦੋਵੇਂ ਪੱਖਾਂ ਨੂੰ ਅਗਲੇ ਸਾਲ ਇਸ ਹੋਣ ਵਾਲੇ ਇਸ ਸੰਵਾਦ ਦੇ ਅਗਲੇ ਸੰਸਕਰਣ ਦੀ ਉਡੀਕ ਹੈ।

6. ਮਨੁੱਖੀ ਅਧਿਕਾਰ ਸੰਵਾਦ ਦੀ ਸਹਿ-ਪ੍ਰਧਾਨਗੀ ਭਾਰਤੀ ਵਿਦੇਸ਼ ਮੰਤਰਾਲੇ ਅੰਦਰ ਯੂਰੋਪ (ਪੱਛਮ) ਲਈ ਸਾਂਝਾ ਸਕੱਤਰ ਸ਼੍ਰੀ ਸੰਦੀਪ ਚੱਕਰਵਰਤੀ ਅਤੇ ਭਾਰਤ ਵਿਖੇ ਯੂਰੋਪੀਅਨ ਸੰਘ ਦੇ ਰਾਜਦੂਤ ਸ੍ਰੀ ਉਗੋ ਅਸਟੂਟੋ ਨੇ ਕੀਤੀ।

ਨਵੀਂ ਦਿੱਲੀ
12 ਅਪ੍ਰੈਲ, 2021

DISCLAIMER: This is an approximate translation. The original is available in English on MEA's website and may be referred to as the official press release.